ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ
ਦਫਤਰ: ਵਣ ਮੰਡਲ ਅਫਸਰ, ਰੂਪਨਗਰ।
E-Mail id: dforupar@gmail.com
ਫੋਨ ਨੰਬਰ: 01881-222231

ਸੇਵਾ ਵਿਖੇ:

ਡ 4615
ਮਿਤੀ - 19-9-17

M/S Vindhaya Telelinks Limited,
E-237, 3rd Floor,
Industrial Area, Phase-VIII-B,
Mohali.

ਵਿਸਾ :- **Request for grant of Right of Way Permission for laying Optical Fiber Cable through HDD from Ropar head works to noorpur Beidi to Jhajj Chowk to Kalwa Mour to Nangal & Ropar Head Works to Bus stand to Railway station to Flyover NHAI Road**

ਹਵਾਲਾ :- ਆਪ ਦੇ ਦਫਤਰ ਦਾ ਪੱਤਰ ਮਿਤੀ: 03.7.2017

*****

ਉਪਰੋਕਤ ਵਿਸੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪ ਵਲੋਂ ਭੇਜੇ ਗਏ ਦਸਤਾਵੇਜ ਇਸ ਦਫਤਰ ਵਲੋਂ ਫੀਲਡ ਵੈਰੀਫਿਕੇਸਨ ਕਰਨ ਲਈ ਪਿੱਠ ਅੰਕਣ ਨੰਬਰ: 2652-53 ਮਿਤੀ: 10.7.2017 ਰਾਹੀਂ ਵਣ ਰੇਜ ਅਫਸਰ, ਰੂਪਨਗਰ, ਨੂਰਪੁਰਬੇਦੀ ਅਤੇ ਆਨੰਦਪੁਰ ਸਾਹਿਬ ਨੂੰ ਭੇਜਿਆ ਗਿਆ ਸੀ। ਵਣ ਰੇਜ ਅਫਸਰਾਂ ਵਲੋਂ ਕੀਤੀ ਗਈ ਰਿਪੋਟ ਅਨੁਸਾਰ ਇਸ ਪ੍ਰੋਪੋਜਲ ਵਿੱਚ ਹੇਠ ਲਿਖੇ ਅਨੁਸਾਰ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ :-

| ਲੜੀ ਨੰਬਰ: | ਰੇਜ ਦਾ ਨਾਂ | ਲੋਕੇਸਨ | ਲੰਬਾਈ (ਕਿ.ਮੀ.) | ਪ੍ਰਭਾਵਿਤ ਹੋਣ ਵਾਲਾ ਰਕਬਾ | ਜੋੜ |
|---|---|---|---|---|---|
| 1 | Anandpur Sahib Range | Nangal to Bhalan Road Km. 0 to 09 Righ Side | 9 Kms. | 9000 x 0.45 | 4050 Sq. Mtr. |
| 2 | Rupnagar Range | Chandigarh to Ropar road Km. 0 to 3 | 2.8 Kms. | 2800 x 0.45 | 1260 Sq. Mtr. |
| 3 | Nurpurbedi Range | Ropar to Abiana Road Km 0.500 to 14.50 | 14 Kms. | 14000 x 0 .45 | 6300 Sq. Mtr. |
| 4 | -do- | Garshankar to Nurpurbedi Road 26.200 to 37 Kms. | 10.80 Km | 10800 x 0.45 | 4860 Sq. Mtr. |
| | | | | **Total** | **16470 Sq. Mtr.** |
| | | | | **Area in Hec.** | **1.647 Hec.** |

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ 1.647 ਹੈਕ. ਵਣ ਰਕਬੇ ਦਾ ਕੇਸ ਤਿਆਰ ਕਰਕੇ ਵੈਬ ਸਾਈਟ http://www.forestsclearance.nic.in ਤੇ ਆਨ ਲਾਈਨ ਕੀਤਾ ਜਾਵੇ। ਕੇਸ ਆਨ ਲਾਈਨ ਕਰਨ ਉਪਰੰਤ ਇਸ ਪ੍ਰਪੋਜਲ ਦੀਆਂ 4 ਪੜ੍ਹਤਾਂ ਮੁਕੰਮਲ ਰੂਪ ਵਿੱਚ ਇਸ ਦਫਤਰ ਨੂੰ ਭੇਜੀਆਂ ਜਾਣ ਤਾਂ ਜੋ ਆਪ ਦਾ ਕੇਸ ਹਰ ਪੱਖੋ ਮੁਕੰਮਲ ਕਰਕੇ ਪ੍ਰਵਾਨਗੀ ਲਈ ਉਚੱ ਅਧਿਕਾਰੀਆਂ ਨੂੰ ਭੇਜਿਆ ਜਾ ਸਕੇ । ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਉਕੱਤ ਕੇਸ ਆਨ ਲਾਈਨ ਕਰਨ ਉਪਰੰਤ ਜਦੋਂ ਤੱਕ ਇਸ ਕੇਸ ਦੀ ਫਾਈਨਲ ਪ੍ਰਵਾਨਗੀ ਉਚੱ ਅਧਿਕਾਰੀਆਂ ਪਾਸੋਂ ਪ੍ਰਾਪਤ ਨਹੀਂ ਹੋ ਜਾਂਦੀ, ਉਦੋਂ ਤੱਕ ਮੌਕੇ ਤੇ ਵਣ ਰਕਬੇ ਵਿੱਚ ਕਿਸੇ ਕਿਸਮ ਦੀ ਕੋਈ ਉਲੰਘਣਾਂ ਨਾ ਕੀਤੀ ਜਾਵੇ, ਨਹੀਂ ਤਾਂ ਆਪ ਦੀ ਕੰਪਨੀ ਦੇ ਵਿਰੁੱਧ ਰੂਲਾਂ ਅਨੁਸਾਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਜਗਦੇਵ ਸਿੰਘ ਸੰਧੂ
ਪੀ.ਐਫ.ਐਸ.
ਵਣ ਮੰਡਲ ਅਫਸਰ, ਰੂਪਨਗਰ।

ਪਿੱਠ ਅੰਕਣ ਨੰਬਰ: ਮਿਤੀ:

ਇਸ ਦੀ ਇੱਕ ਨਕਲ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ :-

1) ਨੋਡਲ ਅਫਸਰ (ਐਫ.ਸੀ.ਏ.) ਅਤੇ ਮੁੱਖ ਵਣ ਪਾਲ (ਐਫ.ਸੀ.), ਸੈਕਟਰ-68, ਵਣ ਭਵਨ,ਐਸ.ਏ.ਐਸ. ਨਗਰ।
2) ਵਣ ਪਾਲ ਸਿਵਾਲਿਕ ਸਰਕਲ, ਸੈਕਟਰ-68, ਵਣ ਭਵਨ, ਐਸ.ਏ.ਐਸ. ਨਗਰ।
3) ਵਣ ਰੇਜ ਅਫਸਰ, ਸ੍ਰੀ ਆਨੰਦਪੁਰ ਸਾਹਿਬ, ਰੂਪਨਗਰ ਅਤੇ ਨੂਰਪੁਰਬੇਦੀ ਨੂੰ ਭੇਜ ਕਿ ਹਦਾਇਤ ਕੀਤੀ ਜਾਂਦੀ ਹੈ ਕਿ ਜਦੋਂ ਤੱਕ ਯੂਜਰ ਏਜੰਸੀ ਵਲੋਂ ਐਫ.ਸੀ.ਏ. 1980 ਤਹਿਤ ਕੇਸ ਅਪਲਾਈ ਕਰਕੇ ਫਾਈਨਲ ਪ੍ਰਵਾਨਗੀ ਪ੍ਰਾਪਤ ਨਹੀਂ ਕੀਤੀ ਜਾਂਦੀ, ਉਦੋਂ ਤੱਕ ਮੌਕੇ ਤੇ ਵਣ ਰਕਬੇ ਵਿੱਚ ਕਿਸੇ ਕਿਸਮ ਦੀ ਉਲੰਘਣਾਂ ਨਾ ਹੋਣ ਦਿੱਤੀ ਜਾਵੇ। ਜੇਕਰ ਯੂਜਰ ਏਜੰਸੀ ਵਲੋਂ ਬਿਨ੍ਹਾਂ ਪ੍ਰਵਾਨਗੀ ਤੋਂ ਵਣ ਰਕਬੇ ਵਿੱਚ ਕੰਮ ਕੀਤਾ ਜਾਂਦਾ ਹੈ ਤਾਂ ਇਸ ਸਬੰਧੀ ਯੂਜਰ ਏਜੰਸੀ ਵਿਰੁੱਧ ਤੁਰੰਤ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ, ਨਹੀਂ ਤਾਂ ਇਸ ਸਬੰਧੀ ਸਬੰਧਤ ਫੀਲਡ ਸਟਾਫ ਦੀ ਨਿੱਜੀ ਜਿੰਮੇਵਾਰੀ ਹੋਵੇਗੀ।

ਜਗਦੇਵ ਸਿੰਘ ਸੰਧੂ
ਪੀ.ਐਫ.ਐਸ.
ਵਣ ਮੰਡਲ ਅਫਸਰ, ਰੂਪਨਗਰ।